# ਬੰਗਾਲ ਦੀ ਤੀਜੀ ਕ੍ਰਾਂਤੀ
# ਅਤੇ
# ਬਕਸਰ ਦੀ ਲੜਾਈ, 1763–64

# The Third Bengal Revolution
# &
# Battle of Buxar, 1763-64


# ਜਾਣ-ਪਹਿਚਾਣ (1)
# (Introduction)

- ਪਲਾਸੀ ਦੀ ਲੜਾਈ ਤੋਂ ਬਾਅਦ 1757 ਈ. ਵਿੱਚ ਮੀਰ ਜਾਫਰ ਬੰਗਾਲ ਦਾ ਨਵਾਬ ਬਣਿਆਂ। ਉਹ 1760 ਈ. ਤੱਕ ਇਸ ਅਹੁਦੇ ਤੇ ਕੰਮ ਕਰਦਾ ਰਿਹਾ। ਉਹ ਇੱਕ ਨਾਂਮਾਤਰ ਸਾਸ਼ਕ ਸੀ ਅਤੇ ਰਾਜ ਦੀ ਅਸਲੀ ਸ਼ਕਤੀ ਕਲਾਈਵ ਦੇ ਹੱਥ ਵਿੱਚ ਸੀ। ਫਰਵਰੀ 1760 ਈ. ਵਿੱਚ ਕਲਾਈਵ ਬਿਮਾਰ ਹੋਣ ਕਾਰਨ ਇੰਗਲੈਂਡ ਚਲਿਆ ਗਿਆ ਜਿਸ ਨਾਲ਼ ਬੰਗਾਲ ਵਿੱਚ ਅੰਗਰੇਜਾਂ ਦੀ ਸ਼ਕਤੀ ਕਮਜ਼ੋਰ ਹੋਣ ਲੱਗੀ। ਮੀਰ ਜਾਫਰ ਨੇ ਬੰਗਾਲ ਦਾ ਨਵਾਬ ਬਣਨ ਦੇ ਲਈ ਬਹੁਤ ਸਾਰਾ ਧਨ ਅੰਗਰੇਜੀ ਕੰਪਨੀ ਅਤੇ ਅੰਗਰੇਜ ਅਧਿਕਾਰੀਆਂ ਨੂੰ ਦਿੱਤਾ ਸੀ, ਪਰ ਫਿਰ ਵੀ ਉਹ ਦਿੱਤੇ ਵਚਨ ਅਨੁਸਾਰ ਪੂਰੀ ਰਕਮ ਨਾ ਚੁਕਾ ਸਕਿਆ। ਉਸਦੀ ਆਰਥਿਕ ਹਾਲਤ ਐਨੀ ਵਿਗੜ ਗਈ ਕਿ ਉਸ ਕੋਲ਼ ਆਪਣੇ ਸੈਨਿਕਾਂ ਨੂੰ ਦੇਣ ਲਈ ਕਾਫੀ ਧਨ ਨਹੀਂ ਸੀ। ਕਲਾਈਵ ਦੇ ਉੱਤਰਾਧਿਕਾਰੀਆਂ ਹਾਲਵੈੱਲ ਅਤੇ ਵੈਂਸੀਟਾਟ (Holwell & Vansittart) ਨੇ ਮੀਰ ਜਾਫਰ ਨੂੰ ਗੱਦੀ ਤੋਂ ਉਤਾਰਨ ਦਾ ਨਿਸ਼ਚਾ ਕੀਤਾ। ਮੀਰ ਜਾਫਰ ਦਾ ਜੁਆਈ ਮੀਰ ਕਾਸਿਮ ਬੰਗਾਲ ਦਾ ਨਵਾਬ ਬਣਨਾਂ ਚਾਹੁੰਦਾ ਸੀ।...

# ਜਾਣ-ਪਹਿਚਾਣ (2)
# (Introduction)

- ...ਅੰਗਰੇਜਾਂ ਨੇ ਸਤੰਬਰ 1760 ਈ. ਵਿੱਚ ਉਸ ਨਾਲ਼ ਗੁਪਤ ਸੰਧੀ ਕੀਤੀ ਤੇ ਉਸਨੂੰ ਬੰਗਾਲ ਦਾ ਨਵਾਬ ਬਣਾ ਦਿੱਤਾ। ਇਸ ਘਟਨਾਂ ਨੂੰ ਬੰਗਾਲ ਦੀ ਦੂਜੀ ਕ੍ਰਾਂਤੀ ਕਿਹਾ ਜਾਂਦਾ ਹੈ। ਉਸਨੇ ਕੰਪਨੀ ਦੇ ਅਧਿਕਾਰੀਆਂ ਨੂੰ ਬਹੁਤ ਸਾਰਾ ਧਨ ਦੇਣ ਦਾ ਵਾਅਦਾ ਕੀਤਾ। ਮੀਰ ਕਾਸਿਮ ਇੱਕ ਯੋਗ ਸਾਸ਼ਕ ਸੀ ਇਸ ਕਰਕੇ ਉਸਦਾ ਅੰਗਰੇਜਾਂ ਨਾਲ਼ ਝਗੜਾ ਅਨਿਵਾਰਨੀ ਸੀ। 1763-64 ਈ. ਵਿੱਚ ਬਕਸਰ ਦੀ ਲੜਾਈ ਹੋਈ ਜਿਸ ਵਿੱਚ ਇੱਕ ਪਾਸੇ ਅੰਗਰੇਜ ਅਤੇ ਦੂਜੇ ਪਾਸੇ ਬੰਗਾਲ ਦਾ ਨਵਾਬ ਮੀਰ ਕਾਸਿਮ ਸੀ। ਇਸ ਲੜਾਈ ਵਿੱਚ ਅਵਧ ਦੇ ਨਵਾਬ ਸਜਾ-ਉਦ-ਦੌਲਾ ਅਤੇ ਮੁਗਲ ਸਮਰਾਟ ਸ਼ਾਹ ਆਲਮ ਨੇ ਮੀਰ ਕਾਸਿਮ ਦਾ ਸਾਥ ਦਿੱਤਾ। ਇਸ ਲੜਾਈ ਨੂੰ ਬੰਗਾਲ ਦੀ ਤੀਜੀ ਕ੍ਰਾਂਤੀ ਕਿਹਾ ਜਾਂਦਾ ਹੈ। ਇਸ ਵਿੱਚ ਅੰਗਰੇਜਾਂ ਦੀ ਜਿੱਤ ਹੋਈ ਅਤੇ ਉਹਨਾਂ ਦੀ ਸ਼ਕਤੀ ਭਾਰਤ ਵਿੱਚ ਪੱਕੇ ਪੈਰੀਂ ਹੋਣੀ ਸ਼ੁਰੂ ਹੋ ਗਈ।

# ਜਾਣ–ਪਹਿਚਾਣ (2)
# (Introduction)



Mir Qasim



Suja-Ud-Daula



Shah Alam





Major Munro

ਮੀਰ ਕਾਸਿਮ,
ਸੁਜਾਅ–ਉਦ–ਦੌਲਾ,
ਅਤੇ ਸ਼ਾਹ ਆਲਮ

Battle of Buxar
1763-64

ਮੇਜਰ ਮੁਨਰੋ
(ਅੰਗਰੇਜੀ ਕੰਪਨੀ)

# ਬਕਸਰ ਦੀ ਲੜਾਈ
# ਦੇ
# ਕਾਰਨ

# Causes of
# The
# Battle of Buxar

# ਲੜਾਈ ਦੇ ਕਾਰਨ (Causes of Battle)

- ਪਲਾਸੀ ਦੀ ਲੜਾਈ ਵਾਂਗ ਬਕਸਰ ਦੀ ਲੜਾਈ ਦਾ ਤੱਤਕਾਲੀ ਕਾਰਨ ਅੰਗਰੇਜਾਂ ਦੁਆਰਾ ਬੰਗਾਲ ਦੇ ਨਵੇਂ ਨਵਾਬ ਮੀਰ ਕਾਸਿਮ ਨੂੰ ਆਪਣੀ ਕੱਠਪੁਤਲੀ ਬਣਾਉਣ ਦੀ ਕੋਸ਼ਿਸ਼ ਕਰਨਾਂ ਸੀ। ਪਰ ਮੀਰ ਕਾਸਿਮ ਆਪਣੀ ਸੁਤੰਤਰਤਾ ਨੂੰ ਕਾਇਮ ਰੱਖਣ ਅਤੇ ਅੰਗਰੇਜਾਂ ਦੀ ਸ਼ਕਤੀ ਨੂੰ ਘੱਟ ਕਰਨ ਦੀਆਂ ਯੋਜਨਾਵਾਂ ਬਣਾਉਣ ਲੱਗਾ ਸੀ। ਉਸਨੇ ਆਪਣੀ ਸੈਨਾ ਦਾ ਆਧੁਨਿਕੀਕਰਨ ਕਰਕੇ ਉਸਨੂੰ ਸ਼ਕਤੀਸ਼ਾਲੀ ਬਣਾ ਲਿਆ ਸੀ, ਸੈਨਿਕਾਂ ਦੀਆਂ ਬਕਾਇਆ ਤਨਖਾਹਾਂ ਦੇ ਦਿੱਤੀਆਂ ਸੀ ਅਤੇ ਅੰਗਰੇਜਾਂ ਦਾ ਕਰਜ਼ਾ ਵੀ ਚੁਕਾ ਦਿੱਤਾ ਸੀ। ਅਜਿਹਾ ਵਿਅਕਤੀ ਕਠਪੁੱਤਲੀ ਬਣ ਕੇ ਨਹੀਂ ਰਹਿ ਸਕਦਾ। ਇਸ ਕਰਕੇ ਉਹਨਾ ਵਿੱਚ 1763-64 ਈ. ਵਿੱਚ ਬਕਸਰ ਦੇ ਸਥਾਨ ਤੇ ਲੜਾਈ ਹੋਈ।



# ਅੰਗਰੇਜ਼ਾਂ ਦੇ ਰਾਜਨੀਤਿਕ ਮਨਸੂਬੇ
# (Political Ambitions of the British)

- ਬਕਸਰ ਦੀ ਲੜਾਈ ਦਾ ਮੁੱਖ ਕਾਰਨ ਅੰਗਰੇਜਾਂ ਦੇ ਰਾਜਨੀਤਿਕ ਮਨਸੂਬੇ ਸਨ। ਉਹ ਭਾਰਤ ਦੀ ਕਮਜ਼ੋਰ ਰਾਜਨੀਤਿਕ ਹਾਲਤ ਦਾ ਲਾਭ ਉਠਾ ਕੇ ਆਪਣੇ ਵਪਾਰ ਦਾ ਵਿਸਥਾਰ ਕਰਨਾਂ ਚਾਹੁੰਦੇ ਸਨ। ਇਸ ਲਈ ਉਹਨਾ ਨੇ ਇੱਥੋਂ ਦੇ ਸਾਸ਼ਕਾਂ ਦੇ ਰਾਜਨੀਤਿਕ ਮਾਮਲਿਆਂ ਵਿੱਚ ਦਖਲ ਦੇ ਕੇ ਉਹਨਾ ਨੂੰ ਅੰਦਰੋਂ ਹੌਲ਼ੀ-ਹੌਲ਼ੀ ਕਮਜ਼ੋਰ ਕਰਨਾ ਸ਼ੁਰੂ ਕਰ ਦਿੱਤਾ। ਗੱਦੀ ਦੇ ਇੱਕ ਦਾਅਵੇਦਾਰ ਦੇ ਵਿਰੁੱਧ ਦੂਜੇ ਦਾਅਵੇਦਾਰ ਦੀ ਸਹਾਇਤਾ ਕਰਕੇ ਉਸਤੋਂ ਵੱਧ ਤੋਂ ਵੱਧ ਸਹੂਲਤਾਂ ਅਤੇ ਲਾਭ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰਦੇ ਸਨ। ਅੰਗਰੇਜਾਂ ਅਤੇ ਉੱਚ ਅਧਿਕਾਰੀਆਂ ਨੇ ਰਾਜਨੀਤਿਕ ਗਤੀਵਿਧੀਆਂ ਵਿੱਚ ਹਿੱਸਾ ਲੈ ਕੇ ਆਪਣੀ ਵਿਅਕਤੀਗਤ ਧਨ-ਦੌਲਤ ਵਿੱਚ ਬਹੁਤ ਵਾਧਾ ਕਰ ਲਿਆ ਸੀ ਅਤੇ ਭਾਰਤ ਵਿੱਚ ਅੰਗਰੇਜੀ ਰਾਜ ਦੀਆਂ ਨੀਹਾਂ ਨੂੰ ਪੱਕਾ ਕਰਨਾਂ ਚਾਹੁੰਦੇ ਸਨ।

# ਅੰਗਰੇਜ ਅਧਿਕਾਰੀਆਂ ਦਾ ਲਾਲਚ
# (Personal Lust of English Officers)

- ਅੰਗਰੇਜੀ ਕੰਪਨੀ ਦੇ ਅਧਿਕਾਰੀ ਵੀ ਬਹੁਤ ਲਾਲਚੀ ਸਨ। ਪਲਾਸੀ ਦੀ ਲੜਾਈ ਤੋਂ ਬਾਅਦ ਕਲਾਈਵ ਅਤੇ ਹੋਰ ਅੰਗਰੇਜ ਅਧਿਕਾਰੀਆਂ ਨੇ ਬਹੁਤ ਸਾਰਾ ਧਨ ਅਤੇ ਕੀਮਤੀ ਤੋਹਫੇ ਬੰਗਾਲ ਦੇ ਨਵੇਂ ਸ਼ਾਸਕ ਮੀਰ ਜਾਫਰ ਤੋਂ ਪ੍ਰਾਪਤ ਕੀਤੇ ਸਨ। ਇਹ ਅਧਿਕਾਰੀ ਆਪਣੇ ਨਿੱਜੀ ਵਪਾਰ ਤੋਂ ਵੀ ਕਾਫੀ ਧਨ ਕਮਾਉਂਦੇ ਸਨ। ਇਸ ਲਈ ਉਹ ਬੰਗਾਲ ਦੀ ਅਸਥਿਰਤਾ ਦੇ ਪੱਖ ਵਿੱਚ ਸਨ ਤਾਂ ਜੋ ਨਵਾਂ ਨਵਾਬ ਵੀ ਉਹਨਾ ਦੀ ਦਿਆ ਦ੍ਰਿਸ਼ਟੀ ਤੇ ਨਿਰਭਰ ਰਹੇ। **ਵੈਂਸੀਟਾਰਟ** ਅਤੇ **ਹਾਲਵੈੱਲ** ਨੇ ਇਸੇ ਕਰਕੇ ਮੀਰ ਜਾਫਰ ਦੀ ਥਾਂ ਤੇ ਮੀਰ ਕਾਸਿਮ ਨੂੰ ਬੰਗਾਲ ਦਾ ਨਵਾਬ ਬਣਾਇਆ ਸੀ ਤਾਂ ਕਿ ਉਹ ਉਸਤੋਂ ਧਨ-ਦੌਲਤ ਅਤੇ ਤੋਹਫੇ ਪ੍ਰਾਪਤ ਕਰ ਸਕਣ। ਮੀਰ ਕਾਸਿਮ ਨੇ ਵੈਂਸੀਟਾਰਟ ਅਤੇ ਹਾਲਵੈਲ ਨੂੰ ਕ੍ਰਮਵਾਰ ਪੰਜਾਹ ਹਜ਼ਾਰ ਪੌਂਡ ਅਤੇ ਸਤਾਈ ਹਜ਼ਾਰ ਪੌਂਡ ਅਤੇ ਕਲਕੱਤਾ ਕੌਂਸਿਲ ਦੇ ਮੈਂਬਰਾਂ ਨੂੰ ਪੱਚੀ ਹਜ਼ਾਰ ਪੌਂਡ ਦੀ ਰਾਸ਼ੀ ਦੇਣ ਦਾ ਵਚਨ ਦਿੱਤਾ ਸੀ। ਅਜਿਹੇ ਅਧਿਕਾਰੀਆਂ ਦੇ ਲਾਲਚ ਕਰਕੇ ਹੀ ਮੀਰ ਕਾਸਿਮ ਨੂੰ ਬਕਸਰ ਦੀ ਲੜਾਈ ਲੜਨੀ ਪਈ।






# ਮੀਰ ਕਾਸਿਮ: ਇੱਕ ਯੋਗ ਸ਼ਾਸ਼ਕ
# (Mir Kasim: An Able Ruler)

- ਮੀਰ ਕਾਸਿਮ ਇੱਕ ਯੋਗ ਹਾਕਮ ਸੀ। ਉਸਨੇ ਨਵਾਬ ਬਣਦੇ ਸਾਰ ਹੀ ਰਾਜ ਪ੍ਰਬੰਧ ਨੂੰ ਸੁਧਾਰਨ ਲਈ ਅਨੇਕ ਕੰਮ ਕੀਤੇ। "Mir Kasim was ruler of considerable administrative ability, and in many ways improved the position of the Province".- P. E. Roberts
- ਮੀਰ ਕਾਸਿਮ ਨੇ ਮੀਰ ਜਾਫਰ ਦੇ ਭ੍ਰਿਸ਼ਟਾਚਾਰੀ ਅਤੇ ਅਯੋਗ ਕ੍ਰਮਚਾਰੀਆਂ ਨੂੰ ਪਦਵੀਆਂ ਤੋਂ ਹਟਾ ਦਿੱਤਾ। ਸੈਨਾਂ ਦਾ ਫਿਰ ਤੋਂ ਸੰਗਠਨ ਕੀਤਾ ਗਿਆ। ਸੈਨਿਕਾਂ ਨੂੰ ਉਹਨਾ ਦੀਆਂ ਬਕਾਇਆ ਰਕਮਾਂ ਦਿੱਤੀਆਂ ਗਈਆਂ। ਨਵੇਂ ਸ਼ਾਸਤਰ ਤਿਆਰ ਕਰਨ ਲਈ ਕਾਰਖਾਨੇ ਖੋਲ੍ਹੇ ਗਏ। ਨਵਾਬ ਨੇ ਰਾਜ ਦੀ ਆਰਥਿਕ ਅਵਸਥਾ ਨੂੰ ਸੁਧਾਰਿਆ ਅਤੇ ਉਸਨੇ ਅੰਗਰੇਜਾਂ ਦਾ ਕਰਜਾ ਚੁਕਾ ਦਿੱਤਾ। ਅੰਗਰੇਜਾਂ ਦੇ ਪ੍ਰਭਾਵ ਤੋਂ ਆਪਣੇ ਆਪ ਨੂੰ ਮੁਕਤ ਕਰਾਉਣ ਲਈ ਉਸਨੇ ਮੁਰਸ਼ਿਦਾਬਾਦ ਦੀ ਥਾਂ ਮੁੰਘੇਰ ਨੂੰ ਆਪਣੀ ਰਾਜਧਾਨੀ ਬਣਾਇਆ। ਬੰਗਾਲ, ਬਿਹਾਰ ਦੇ ਜਿੰਮੀਦਾਰਾਂ ਦੀ ਸ਼ਕਤੀ ਦਾ ਦਮਨ ਕੀਤਾ ਗਿਆ। ਅਜਿਹਾ ਯੋਗ ਹਾਕਮ ਕਠਪੁਤਲੀ ਬਣ ਕੇ ਨਹੀਂ ਰਹਿ ਸਕਦਾ। ਉਸਦਾ ਅੰਗਰੇਜਾਂ ਨਾਲ਼ ਝਗੜਾ ਅਨਿਵਾਰਨੀ ਸੀ।

# ਮੀਰ ਕਾਸਿਮ ਦੇ ਅੰਗਰੇਜਾਂ ਦੇ ਨਜ਼ਾਇਜ ਵਪਾਰ ਨੂੰ ਬੰਦ ਕਰਨ ਦੇ ਯਤਨ (Mir Kasim's Efforts to Check the Illegal British Trade)

- ਅੰਗਰੇਜੀ ਕੰਪਨੀ ਨੂੰ ਬੰਗਾਲ ਵਿੱਚ ਬਿਨਾਂ ਚੁੰਗੀ ਕਰ ਦਿੱਤੇ ਵਪਾਰ ਕਰਨ ਦਾ ਵਿਸ਼ੇਸ਼ ਅਧਿਕਾਰ ਪ੍ਰਾਪਤ ਸੀ। ਪ੍ਰੰਤੂ ਹੁਣ ਕੰਪਨੀ ਦੇ ਕ੍ਰਮਚਾਰੀ ਵੀ ਬਿਨਾਂ ਚੁੰਗੀ ਕਰ ਦਿੱਤੇ ਆਪਣਾਂ ਨਿੱਜੀ ਵਪਾਰ ਕਰਨ ਲੱਗੇ ਸਨ ਅਤੇ ਉਹਨਾਂ ਨੇ ਜ਼ਿਆਦਾ ਧਨ ਕਮਾਉਣ ਲਈ ਭਾਰਤੀ ਵਪਾਰੀਆਂ ਤੋਂ ਧਨ ਲੈ ਕੇ ਉਹਨਾਂ ਨੂੰ ਆਪਣੇ 'ਦਸਤਕ' ਵੇਚਣੇ ਸ਼ੁਰੂ ਕਰ ਦਿੱਤੇ ਸਨ। ਜਦੋਂ **ਮੀਰ ਕਾਸਿਮ** ਨੂੰ ਪਤਾ ਲੱਗਿਆ ਕਿ ਕੰਪਨੀ ਦੇ ਕ੍ਰਮਚਾਰੀਆਂ ਦੇ ਨਿੱਜੀ ਵਪਾਰ ਅਤੇ ਭਾਰਤੀ ਵਪਾਰੀਆਂ ਦੇ ਦਸਤਕਾਂ ਦੇ ਅਧੀਨ ਵਪਾਰ ਤੋਂ ਉਸਨੂੰ ਬਹੁਤ ਵੱਡੇ ਚੁੰਗੀ ਕਰ ਤੋਂ ਵਾਂਝਿਆਂ ਕੀਤਾ ਜਾ ਰਿਹਾ ਹੈ ਤਾਂ ਉਸਨੇ ਉਹਨਾਂ ਦੇ ਨਜ਼ਾਇਜ ਵਪਾਰ ਨੂੰ ਰੋਕਣ ਦਾ ਨਿਸ਼ਚਾ ਕੀਤਾ। ਪਹਿਲਾਂ ਉਸਨੇ ਆਪਣੇ ਅਧਿਕਾਰੀਆਂ ਨੂੰ ਹੁਕਮ ਦਿੱਤਾ ਕਿ ਉਹ ਨਜ਼ਾਇਜ ਵਪਾਰ ਨੂੰ ਰੋਕਣ। ਨਾਲ਼ ਹੀ ਉਸਨੇ ਕਲਕੱਤਾ ਕੌਂਸਲ ਨੂੰ ਵੀ ਕੰਪਨੀ ਦੇ ਕ੍ਰਮਚਾਰੀਆਂ ਦੇ ਨਜ਼ਾਇਜ ਵਪਾਰ ਨੂੰ ਰੋਕਣ ਦੀ ਪ੍ਰਾਰਥਨਾਂ ਕੀਤੀ। ਪਰ ਕੌਂਸਲ ਨੇ ਇਸ ਗੱਲ ਵੱਲ ਕੋਈ ਧਿਆਨ ਨਾ ਦਿੱਤਾ। ਇਸਤੇ ਨਵਾਬ ਕ੍ਰੋਧਿਤ ਹੋ ਉੱਠਿਆ। ਮਾਰਚ 1763 ਈ. ਵਿੱਚ ਉਸਨੇ ਸਾਰੇ ਵਪਾਰੀਆਂ ਤੋਂ ਚੁੰਗੀ ਕਰ ਲੈਣਾਂ ਬੰਦ ਕਰ ਦਿੱਤਾ। ਇਸ ਨਾਲ਼ ਅੰਗਰੇਜਾਂ ਨੂੰ ਬਹੁਤ ਹਾਨੀ ਹੋਈ ਅਤੇ ਉਹ ਨਵਾਬ ਵਿਰੁੱਧ ਭੜਕ ਉੱਠੇ। ਉਹਨਾਂ ਨੇ ਨਵਾਬ ਨੂੰ ਚੁੰਗੀ ਕਰ ਲਗਾਉਣ ਲਈ ਕਿਹਾ, ਪ੍ਰੰਤੂ ਨਵਾਬ ਨੇ ਇਨਕਾਰ ਕਰ ਦਿੱਤਾ। ਇਸਨੂੰ ਵੀ ਬਕਸਰ ਦੀ ਲੜਾਈ ਦਾ ਇੱਕ ਕਾਰਨ ਮੰਨਿਆਂ ਜਾਂਦਾ ਹੈ।


Mir Qasim

# ਨਵਾਬ ਮੀਰ ਕਾਸਿਮ ਦੇ ਅੰਗਰੇਜਾਂ ਨਾਲ਼ ਯੁੱਧ
# (Armed Struggle Between the Nawab Mir Kasim and the British)

- 10 ਜੂਨ 1763 ਈ. ਨੂੰ ਨਵਾਬ ਮੀਰ ਕਾਸਿਮ ਅਤੇ ਅੰਗਰੇਜਾਂ ਵਿਚਕਾਰ ਲੜਾਈ ਸ਼ੁਰੂ ਹੋ ਗਈ। ਮੇਜਰ ਐਡਮਜ਼ ਨੇ ਅਗਸਤ 1763 ਈ. ਵਿੱਚ ਨਵਾਬ ਨੂੰ ਕਟਵਾਹ, ਘੇਰਿਆ, ਸੂਤੀ ਅਤੇ ਉਦੇਨਾਲ਼ਾ ਵਿਖੇ ਹਰਾ ਦਿੱਤਾ। ਨਵਾਬ ਨੇ ਪਟਨਾਂ ਵੱਲ ਕੂਚ ਕੀਤਾ। ਉਸਨੇ ਉੱਥੇ 200 ਅੰਗਰੇਜ ਕੈਦੀਆਂ ਦਾ ਕਤਲ ਕਰਵਾ ਦਿੱਤਾ। ਪਰ ਉਹ ਯੁੱਧ ਵਿੱਚ ਅਸਫਲ ਰਿਹਾ ਅਤੇ ਅਵਧ ਵੱਲ ਭੱਜ ਗਿਆ। ਅੰਗਰੇਜਾਂ ਦੇ ਵਿਰੁੱਧ ਉਸਨੇ ਅਵਧ ਦੇ ਨਵਾਬ ਵਜ਼ੀਰ ਸੁਜਾ-ਉਦ-ਦੌਲਾ ਤੋਂ ਮਦਦ ਪ੍ਰਾਪਤ ਕੀਤੀ ਤੇ ਉਸ ਨਾਲ਼ ਸੰਧੀ ਕਰ ਲਈ ਅਤੇ ਉਸਨੂੰ ਗਿਆਰਾਂ ਲੱਖ ਰੁਪਇਆ ਦੇਣਾਂ ਮੰਨ ਲਿਆ। ਉਸਦੀ ਗੈਰਹਾਜ਼ਰੀ ਵਿੱਚ ਅੰਗਰੇਜਾਂ ਨੇ ਮੀਰ ਜਾਫਰ ਨੂੰ ਦੁਬਾਰਾ ਬੰਗਾਲ ਦਾ ਨਵਾਬ ਬਣਾ ਦਿੱਤਾ। ਹੁਣ ਮੀਰ ਕਾਸਿਮ, ਅਵਧ ਦਾ ਨਵਾਬ ਸੁਜਾ-ਉਦ-ਦੌਲਾ ਅਤੇ ਮੁਗਲ ਸਮਰਾਟ ਸ਼ਾਹ ਆਲਮ ਤਿੰਨਾਂ ਨੇ ਅੰਗਰੇਜਾਂ ਦੇ ਵਿਰੁੱਧ ਸਾਂਝਾ ਮੋਰਚਾ ਬਣਾ ਲਿਆ ਤਾਂ ਕਿ ਮੀਰ ਕਾਸਿਮ ਨੂੰ ਦੁਬਾਰਾ ਬੰਗਾਲ ਦਾ ਨਵਾਬ ਬਣਾਇਆ ਜਾ ਸਕੇ।

# ਬਕਸਰ ਦੀ ਲੜਾਈ
# (Battle of Buxar)

• ਮੀਰ ਕਾਸਿਮ, ਸੁਜਾ-ਉਦ-ਦੌਲਾ ਅਤੇ ਮੁਗਲ ਸਮਰਾਟ ਸ਼ਾਹ ਆਲਮ ਤਿੰਨਾਂ ਨੇ ਆਪਣੀਆਂ ਸੈਨਾਵਾਂ ਇਕੱਠੀਆਂ ਕੀਤੀਆਂ ਅਤੇ ਅੰਗਰੇਜਾਂ ਵਿਰੁੱਧ ਯੁੱਧ ਕਰਨ ਦੀ ਯੋਜਨਾ ਬਣਾਈ। ਸਭ ਤੋਂ ਪਹਿਲਾਂ ਉਹਨਾ ਦੀ ਸੰਘੀ ਸੈਨਾਂ ਨੇ ਪਟਨਾ ਉੱਤੇ ਜਿੱਤ ਪ੍ਰਾਪਤ ਕਰਨ ਦੀ ਕੋਸ਼ਿਸ਼ ਕੀਤੀ, ਪਰ ਅਸਫਲਤਾ ਪ੍ਰਾਪਤ ਹੋਈ ਕਿਉਂਕਿ ਅੰਗਰੇਜਾਂ ਨੇ ਪਹਿਲਾਂ ਹੀ ਮੇਜਰ ਮੁਨਰੋ ਦੀ ਅਗਵਾਈ ਵਿੱਚ ਆਪਣੀਆਂ ਸੈਨਾਵਾਂ ਤਿਆਰ ਕਰ ਲਈਆਂ ਸਨ। ਕੁੱਝ ਮੁੱਠ ਭੇੜਾਂ ਪਿੱਛੋਂ **ਬਕਸਰ ਨਾਂ ਦੇ ਸਥਾਨ ਤੇ ਅਕਤੂਬਰ 1764 ਈ. ਵਿੱਚ ਦੋਹਾਂ ਪਾਸੇ ਦੀਆਂ ਸੈਨਾਵਾਂ ਦੀ ਨਿਰਣਾਇਕ ਲੜਾਈ ਹੋਈ**। ਇਸ ਵਿੱਚ ਅੰਗਰੇਜਾਂ ਦੀ ਜਿੱਤ ਹੋਈ। ਇਸ ਵਿੱਚ ਅੰਗਰੇਜਾਂ ਦੇ 847 ਸੈਨਿਕ ਅਤੇ ਸਾਂਝੀ ਸੈਨਾਂ ਦੇ 2000 ਸੈਨਿਕ ਮੌਤ ਦਾ ਸ਼ਿਕਾਰ ਹੋਏ। ਇਸ ਹਾਰ ਤੋਂ ਬਾਅਦ ਮੀਰ ਕਾਸਿਮ ਦੌੜ ਗਿਆ ਅਤੇ 1777 ਈ. ਵਿੱਚ ਉਸਦੀ ਬੁਰੀ ਅਵਸਥਾ ਵਿੱਚ ਦਿੱਲੀ ਵਿਖੇ ਮੌਤ ਹੋ ਗਈ।



# ਬਕਸਰ ਦੀ ਲੜਾਈ
# ਦੀ
# ਮਹੱਤਤਾ

# Significance of
# The
# Battle of Buxar

# ਪਲਾਸੀ ਦੀ ਲੜਾਈ ਤੋਂ ਵਧੇਰੇ ਮਹੱਤਵਪੂਰਨ
# (More Significant than the Battle of Plassey)

- ਬਕਸਰ ਦੀ ਲੜਾਈ ਪਲਾਸੀ ਦੀ ਲੜਾਈ ਨਾਲ਼ੋਂ ਵੀ ਵਧੇਰੇ ਮਹੱਤਵਪੂਰਨ ਹੈ। ਡਾ. ਈਸ਼ਵਰੀ ਪ੍ਰਸਾਦ ਅਤੇ ਐਸ. ਕੇ. ਸੂਬੇਦਾਰ ਦੇ ਸ਼ਬਦਾਂ ਵਿੱਚ "ਬਕਸਰ ਨੇ ਉਸ ਕੰਮ ਨੂੰ ਪੂਰਾ ਕਰ ਦਿੱਤਾ ਜਿਸਨੂੰ ਪਲਾਸੀ ਨੇ ਆਰੰਭ ਕੀਤਾ ਸੀ"।
- "Buxar competed what Plassey had begun"- Ishwari Prasad & S. K. Subedar
- ਭਾਰਤ ਵਿੱਚ ਬ੍ਰਿਟਿਸ਼ ਸ਼ਕਤੀ ਦਾ ਉਭਾਰ ਪਲਾਸੀ ਦੀ ਲੜਾਈ ਤੋਂ ਵਧ ਕੇ ਬਕਸਰ ਦੀ ਲੜਾਈ ਤੋਂ ਹੋਇਆ ਮੰਨਿਆਂ ਜਾਣਾ ਚਾਹੀਦਾ ਹੈ।



ਡਾ. ਈਸ਼ਵਰੀ ਪ੍ਰਸਾਦ
1888-1986

# ਅੰਗਰੇਜਾਂ ਦਾ ਬੰਗਾਲ ਵਿੱਚ ਪੱਕੇ ਪੈਰੀਂ ਸਥਾਪਤ ਹੋਣਾਂ
# (Establishment of British Power in Bengal on Firm Footings)

• ਰੈਮਜ਼ੇ ਮਿਊਰ ਦੇ ਕਥਨ ਅਨੁਸਾਰ, ਬਕਸਰ ਦੀ ਲੜਾਈ ਨੇ ਬੰਗਾਲ ਵਿੱਚ ਕੰਪਨੀ ਦੇ ਰਾਜ ਦੀਆਂ ਜੰਜੀਰਾਂ ਨੂੰ ਅੰਤਿਮ ਰੂਪ ਵਿੱਚ ਪੱਕਾ ਕਰ ਦਿੱਤਾ।

"It finally rivetted the shackles of the company's rule upon Bengal"- Ramsay Muir.

•ਮੀਰ ਕਾਸਿਮ ਬੰਗਾਲ ਦਾ ਇੱਕ ਯੋਗ ਹਾਕਮ ਸੀ ਜੋ ਆਪਣੇ–ਆਪ ਨੂੰ ਅੰਗਰੇਜਾਂ ਦੇ ਭਾਰ ਤੋਂ ਮੁਕਤ ਕਰਵਾਉਣਾਂ ਚਾਹੁੰਦਾ ਸੀ। ਪ੍ਰੰਤੂ ਬਕਸਰ ਦੀ ਲੜਾਈ ਵਿੱਚ ਉਹ ਅਵਧ ਦੇ ਨਵਾਬ ਅਤੇ ਮੁਗਲ ਸਮਰਾਟ ਸ਼ਾਹ ਆਲਮ ਦੀ ਸਹਾਇਤਾ ਦੇ ਬਾਵਜੂਦ ਵੀ ਬੁਰੀ ਤਰਾਂ ਹਾਰਿਆ। ਅੰਗਰੇਜਾਂ ਨੇ ਦੁਬਾਰਾ ਫਿਰ ਮੀਰ ਜਾਫਰ ਨੂੰ ਬੰਗਾਲ ਦਾ ਨਵਾਬ ਬਣਾ ਦਿੱਤਾ। ਹੁਣ ਵਾਸਤਵਿਕ ਸ਼ਕਤੀ ਅੰਗਰੇਜਾਂ ਦੇ ਹੱਥ ਵਿੱਚ ਆ ਗਈ। ਇਸ ਲੜਾਈ ਦੇ ਨਾਲ਼ ਅੰਗਰੇਜਾਂ ਦੀ ਬੰਗਾਲ ਵਿੱਚ ਸ਼ਕਤੀ ਪੱਕੇ ਪੈਰੀ ਸਥਾਪਤ ਹੋ ਗਈ।

# ਅਵਧ ਦਾ ਅਧੀਨਤਾ ਸਵੀਕਾਰ ਕਰਨਾਂ
# (Awadh's Acceptance of Subordination)

- ਬਕਸਰ ਦੀ ਲੜਾਈ ਵਿੱਚ ਅਵਧ ਦੇ ਨਵਾਬ ਸੁਜਾਅ-ਉਦ-ਦੌਲਾ ਨੇ ਬੰਗਾਲ ਦੇ ਨਵਾਬ ਮੀਰ ਕਾਸਿਮ ਦਾ ਸਾਥ ਦਿੱਤਾ ਸੀ। ਬੰਗਾਲ ਦੀ ਲੜਾਈ ਵਿੱਚ ਹਾਰ ਤੋਂ ਬਾਅਦ ਉਸਨੇ ਅੰਗਰੇਜਾਂ ਅੱਗੇ ਆਤਮ-ਸਮਰਪਣ ਕਰ ਦਿੱਤਾ। ਕਲਾਈਵ ਨੇ 1765 ਈ. ਵਿੱਚ ਉਸ ਨਾਲ਼ ਇੱਕ ਸੰਧੀ ਕੀਤੀ, ਜਿਸ ਤਹਿਤ ਅੰਗਰੇਜਾਂ ਨੇ ਉਸਨੂੰ ਅਵਧ ਦਾ ਨਵਾਬ ਮੰਨ ਲਿਆ ਪ੍ਰੰਤੂ ਉਸਤੋਂ ਕੜਾ ਅਤੇ ਅਲਾਹਾਬਾਦ ਦੇ ਜ਼ਿਲ੍ਹੇ ਲੈ ਲਏ। ਸੁਜਾਅ-ਉਦ-ਦੌਲਾ ਨੇ ਅੰਗਰੇਜਾਂ ਨੂੰ 50 ਲੱਖ ਰੁਪਏ ਦੀ ਰਕਮ ਦਿੱਤੀ ਅਤੇ ਆਪਣੇ ਇਲਾਕੇ ਵਿੱਚ ਵਪਾਰਕ ਸਹੂਲਤਾਂ ਵੀ ਪ੍ਰਦਾਨ ਕੀਤੀਆਂ। ਇਸ ਤਰਾਂ ਅਵਧ ਅੰਗਰੇਜਾਂ ਦੇ ਪ੍ਰਭਾਵ ਅਧੀਨ ਆ ਗਿਆ।



# ਮੁਗਲ ਸਮਰਾਟ ਤੋਂ ਦੀਵਾਨੀ ਦੀ ਪ੍ਰਾਪਤੀ
# (Acquisition of Diwani from the Mughal Emperor)

- ਬਕਸਰ ਦੀ ਲੜਾਈ ਵਿੱਚ ਅੰਗਰੇਜ਼ਾਂ ਨੇ ਮੁਗਲ ਸਮਰਾਟ ਸ਼ਾਹ ਆਲਮ ਨੂੰ ਵੀ ਹਰਾਇਆ ਸੀ। ਪ੍ਰੰਤੂ ਉਹਨਾਂ ਨੇ ਮੁਗਲ ਸਮਰਾਟ ਨਾਲ਼ ਜਾਣ-ਬੁੱਝ ਕੇ ਨਰਮ ਵਿਵਹਾਰ ਕੀਤਾ, ਕਿਉਂਕਿ ਉਹ ਉਸਤੋਂ ਕੁੱਝ ਅਧਿਕਾਰ ਪ੍ਰਾਪਤ ਕਰਕੇ ਆਪਣੀ ਸ਼ਕਤੀ ਨੂੰ ਦ੍ਰਿੜ ਕਰਨਾ ਚਾਹੁੰਦੇ ਸਨ। ਅਗਸਤ 1765 ਈ. ਵਿੱਚ ਅੰਗਰੇਜ਼ਾਂ ਨੇ ਸ਼ਾਹ ਆਲਮ ਨਾਲ਼ ਇੱਕ ਸੰਧੀ ਕੀਤੀ। ਇਸ ਸੰਧੀ ਅਨੁਸਾਰ ਉਹਨਾਂ ਨੇ ਜੋ ਕੜਾ ਅਤੇ ਅਲਾਹਾਬਾਦ ਦੇ ਜ਼ਿਲ੍ਹੇ ਸੁਜਾਅ-ਉਦ-ਦੌਲਾ (ਅਵਧ ਦਾ ਨਵਾਬ) ਤੋਂ ਲਏ ਸਨ, ਉਹ ਮੁਗਲ ਸਮਰਾਟ ਨੂੰ ਦੇ ਦਿੱਤੇ ਅਤੇ ਉਸਨੂੰ 26 ਲੱਖ ਰੁਪਏ ਹਰ ਸਾਲ ਦੇਣੇ ਵੀ ਸਵੀਕਾਰ ਕੀਤੇ। ਇਸ ਸਾਰੇ ਦੇ ਬਦਲੇ ਉਹਨਾ ਨੇ ਮੁਗਲ ਸਮਰਾਟ ਤੋਂ ਬੰਗਾਲ, ਬਿਹਾਰ, ਅਤੇ ਉੜੀਸਾ ਦੀ ਦੀਵਾਨੀ ਦਾ ਵਡਮੁੱਲਾ ਅਧਿਕਾਰ ਪ੍ਰਾਪਤ ਕਰ ਲਿਆ।

# ਬੰਗਾਲ ਦੇ ਉੱਤਰੀ-ਪੱਛਮੀ ਪ੍ਰਦੇਸ਼ਾਂ ਵਿੱਚ ਅੰਗਰੇਜਾਂ ਦਾ ਪ੍ਰਭਾਵ (British Influence in the North-West of Bengal)

- ਬਕਸਰ ਦੀ ਲੜਾਈ ਦੇ ਸਿੱਟੇ ਵਜੋਂ ਅੰਗਰੇਜਾਂ ਦਾ ਪ੍ਰਭਾਵ ਬੰਗਾਲ ਦੇ ਉੱਤਰ-ਪੱਛਮ ਵੱਲ ਨੂੰ ਸਥਿਤ ਰਾਜਾਂ ਵੱਲ ਨੂੰ ਹੋਣਾਂ ਸ਼ੁਰੂ ਹੋ ਗਿਆ। ਉਹਨਾ ਦਾ ਇਸ ਖੇਤਰ ਦੇ ਰਾਜਾਂ ਨਾ.ਲ ਸੰਪਰਕ ਵਧਿਆ। ਹੌ.ਲੀ-ਹੌ.ਲੀ ਉਹਨਾਂ ਦੀ ਇਸ ਖੇਤਰ ਵਿੱਚ ਵੀ ਸਰਵਉੱਚਤਾ ਸਥਾਪਤ ਹੋ ਗਈ। ਬਕਸਰ ਦੀ ਲੜਾਈ ਨੇ ਮੁਗਲ ਸਮਰਾਟ ਨੂੰ ਅੰਗਰੇਜਾਂ ਦਾ ਸਮੱਰਥਕ ਬਣਾ ਦਿੱਤਾ, ਅਵਧ ਦੇ ਨਵਾਬ ਨੂੰ ਭੈਭੀਤ ਕਰ ਦਿੱਤਾ ਅਤੇ ਕੰਪਨੀ ਦੀਆਂ ਹਥਿਆਰਬੰਦ ਫੌਜਾਂ ਨੂੰ ਗੰਗਾ ਤੋਂ ਪਾਰ ਬਨਾਰਸ ਅਤੇ ਅਲਾਹਾਬਾਦ ਲਿਆ ਬਿਠਾਇਆ।

# ਸਿੱਟਾ
# (Conclusion)

- 1757 ਦੀ ਪਲਾਸੀ ਦੀ ਲੜਾਈ ਦੇ ਸਿੱਟੇ ਵਜੋਂ ਅੰਗਰੇਜਾਂ ਦੀ ਸ਼ਕਤੀ ਬੰਗਾਲ ਵਿੱਚ ਸਥਾਪਤ ਹੋਣੀ ਸ਼ੁਰੂ ਹੋ ਗਈ ਸੀ, ਕਿਉਂਕਿ ਮੀਰ ਜਾਫਰ ਜੋ ਬੰਗਾਲ ਦਾ ਨਵਾਬ ਬਣਿਆਂ ਉਸਨੇ ਅੰਗਰੇਜਾਂ ਦੇ ਪ੍ਰਭਾਵ ਅਧੀਨ ਰਹਿ ਕੇ ਕੰਮ ਕਰਨਾਂ ਸ਼ੁਰੂ ਕਰ ਦਿੱਤਾ ਤੇ ਉਸਦੇ ਰਾਜ ਵਿੱਚ ਬੰਗਾਲ ਦੀ ਆਰਥਿਕ ਹਾਲਤ ਬਹੁਤ ਵਿਗੜ ਗਈ। ਉਸਦੀ ਥਾਂ ਅੰਗਰੇਜਾਂ ਨੇ 1760 ਈ. ਵਿੱਚ ਮੀਰ ਕਾਸਿਮ ਨੂੰ ਬੰਗਾਲ ਦਾ ਨਵਾਬ ਬਣਾ ਦਿੱਤਾ। ਪਰ ਉਹ ਇੱਕ ਯੋਗ ਸ਼ਾਸਕ ਸਿੱਧ ਹੋਇਆ। ਉਸਨੇ ਅੰਗਰੇਜਾਂ ਦੀ ਅਧੀਨਤਾ ਵਿੱਚ ਰਹਿਣਾਂ ਅਸਵੀਕਾਰ ਕਰ ਦਿੱਤਾ ਜਿਸਦੇ ਸਿੱਟੇ ਵਜੋਂ 1763-64 ਈ. ਵਿੱਚ ਬਕਸਰ ਦੀ ਲੜਾਈ ਵਿੱਚ ਉਸਦੀ ਹਾਰ ਹੋਈ ਅਤੇ **ਬੰਗਾਲ, ਬਿਹਾਰ ਅਤੇ ਉੜੀਸਾ ਵਿੱਚ ਅੰਗਰੇਜਾਂ ਦੀ ਸ਼ਕਤੀ ਪੱਕੇ ਪੈਰੀਂ ਸਥਾਪਤ ਹੋਣੀ ਸ਼ੁਰੂ ਹੋ ਗਈ** ਅਤੇ ਅੰਗਰੇਜਾਂ ਨੇ ਮੁਗਲ ਸਮਰਾਟ ਸ਼ਾਹ ਆਲਮ ਤੋਂ 1765 ਈ ਵਿੱਚ ਉਪਰੋਕਤ ਇਲਾਕਿਆਂ ਵਿੱਚ ਦੀਵਾਨੀ ਦਾ ਵਡਮੁੱਲਾ ਅਧਿਕਾਰ ਪ੍ਰਾਪਤ ਕਰ ਲਿਆ।




**PROF. JASWINDER SINGH**
**DEPT. OF HISTORY**

AKAL DEGREE COLLEGE MASTUANA SAHIB